Unit 3rd :- ਬ੍ਰਹਮਜਗਦੀਸ਼ ਸਿੰਘ (ਡਾ.) (ਸੰਪਾ) 2007, ਸਲੋਕ ਤੇ ਸ਼ਬਦ : ਭਗਤ ਸੰਤ ਕਬੀਰ, ਵਾਰਿਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ।

## 3.1 ਅਧਿਆਤਮਕ ਸਰੋਕਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀਆਂ ਵਿਚ ਸਭ ਤੋਂ ਪੁਰਾਤਨ ਬਾਣੀ ਸੰਤ ਕਬੀਰ ਜੀ ਦੀ ਹੈ। ਕਬੀਰ ਜੀ ਦੀ ਸਿੱਖਿਆ ਅਤੇ ਸੰਦੇਸ਼ ਆਮ ਵਿਅਕਤੀ ਲਈ ਹਿਤਕਾਰੀ ਸੀ। ਇਹੀ ਕਾਰਨ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੇ ਦੌਰਾਨ ਭਗਤ ਜੀ ਦੀ ਬਾਣੀ ਉਨ੍ਹਾਂ ਦੇ ਕਿਸੇ ਉੱਤਰਾਧਿਕਾਰੀ ਤੋਂ ਲੈ ਕੇ ਸਾਂਭ ਲਈ ਸੀ। ਕਬੀਰ ਜੀ ਦੀ ਬਾਣੀ ਵਿਚ ਆਏ ਕੁਝ ਪ੍ਰਮੁੱਖ ਸੰਕਲਪ ਅਤੇ ਸਰੋਕਾਰ ਇਸ ਪ੍ਰਕਾਰ ਹਨ :-

① ਪ੍ਰਭੂ ਦੀ ਏਕਾਂਤਕਤਾ :- ਸੰਤ ਕਬੀਰ ਜੀ ਦੀ ਬਾਣੀ ਵਿਚ ਪ੍ਰਭੂ ਦੀ ਏਕਾਂਤਕਤਾ ਅਤੇ ਸਰਬ-ਵਿਆਪਕਤਾ ਦਾ ਬਾਰ-ਬਾਰ ਗੁਣ-ਗਾਨ ਕੀਤਾ ਗਿਆ ਹੈ। ਆਪ ਅਨੁਸਾਰ ਇਸ ਸਮੁੱਚੀ ਸ੍ਰਿਸ਼ਟੀ ਵਿਚ ਕੇਵਲ ਇਕ ਪ੍ਰਭੂ ਹੀ ਅਵਿਨਾਸ਼ੀ ਅਤੇ ਸਥਿਰ ਹੈ। ਬਾਕੀ ਸਭ ਕੁਝ ਨਾਸ਼ਵਾਨ ਅਤੇ ਅਸਥਿਰ ਹੈ। ਪਰ ਇਸ ਨੇ ਸਭ ਪਾਸਾ ਤੋਂ ਅਤੇ ਫਿਰ ਦੁਨੀਆਂ ਉਪਰ ਨਹੀਂ ਜਾ ਸਕਦਾ। ਇਸ ਤੱਥ ਤੋਂ ਵਾਕਫ਼ ਹੁੰਦੇ ਹੋਏ ਵੀ ਲੋਕ ਇਸ ਨਾਸ਼ਵਾਨ ਦੁਨੀਆਂ ਦੇ ਮੋਹ-ਜਾਲ ਵਿਚ ਪੈ ਕੇ ਆਪਣੇ ਜੀਵਨ ਨੂੰ ਵਿਅਰਥ ਗੁਆ ਰਹੇ ਹਨ। ਕਬੀਰ ਜੀ ਪ੍ਰਭੂ ਦੀ ਮਿਹਰ ਦੇ ਸਿਧਾਂਤ ਨੂੰ ਸਭ ਤੋਂ ਵੱਧ ਮੰਨ ਕੇ ਚੱਲਦੇ ਹਨ। ਗੁਰੂ-ਬਾਣੀ ਵਾਂਗ ਉਨ੍ਹਾਂ ਦਾ ਵੀ ਇਹੀ ਵਿਸ਼ਵਾਸ ਹੈ ਕਿ ਕੋਈ ਵਿਅਕਤੀ ਸਿਰਫ਼ ਆਪਣੇ ਉੱਦਮ ਜਾਂ ਪੁਰਸ਼ਾਰਥ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਕਰ ਸਕਦਾ ਬਲਕਿ ਜਿਸ ਵਿਅਕਤੀ ਉਪਰ ਉਸਦੀ ਮਿਹਰ ਹੁੰਦੀ ਹੈ, ਉਹੀ ਉਸ ਦੇ ਲੜ ਲੱਗ ਸਕਦਾ ਹੈ।

② ਸਤਿਗੁਰੂ :- ਕਬੀਰ-ਬਾਣੀ ਵਿਚ ਸਤਿਗੁਰੂ ਦੇ ਅਧਿਆਤਮਕ ਮਹੱਤਵ ਉਪਰ ਕਾਫ਼ੀ ਬਲ ਦਿੱਤਾ ਗਿਆ ਅਤੇ ਸਪਸ਼ਟ ਕੀਤਾ ਗਿਆ ਹੈ ਕਿ ਸਿੱਖਾਂ (ਜਗਿਆਸੂਆਂ) ਨੂੰ ਸਤਿਗੁਰ ਦੁਆਰਾ ਦਰਸਾਏ ਗਏ ਮਾਰਗ ਉਪਰ ਚੱਲਣਾ ਚਾਹੀਦਾ ਹੈ, ਇਸੇ ਵਿਚ ਉਨ੍ਹਾਂ ਦਾ ਕਲਿਆਣ ਹੈ।

Scanned with CamScanner

(3) ਰਿਸ਼ਤੇ ਨਾਤਿਆਂ ਦੀ ਅਪ੍ਰਮਾਣਿਕਤਾ :- ਦੁਨੀਆਦਾਰ ਵਿਅਕਤੀ ਬਹੁਤੇ ਗ਼ਲਤ ਕੰਮ ਰਿਸ਼ਤੇ-ਨਾਤਿਆਂ ਦੀ ਖ਼ਾਤਰ ਕਰਦਾ ਹੈ ਜਿਵੇਂ ਆਪਣੇ ਪਰਿਵਾਰ-ਪਤਨੀ, ਬੱਚਿਆਂ ਅਤੇ ਦੋਸਤ-ਮਿੱਤਰਾਂ ਵਾਸਤੇ ਲੋਕ-ਸ਼ੋਸ਼ਣ ਕਰਦਾ ਹੈ, ਚੋਰੀ-ਠੱਗੀ ਮਾਰਦਾ ਹੈ, ਧੋਖਾਧੜੀ ਕਰਦਾ ਹੈ। ਪਰੰਤੂ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਬਾਣੀ ਦੇ ਅਨੁਸਾਰ ਇਹ ਸਾਰੇ ਰਿਸ਼ਤੇ ਮਤਲਬੀ ਅਤੇ ਆਤਮ-ਕੇਂਦ੍ਰਿਤ ਹਨ। ਜਦੋਂ ਵਿਅਕਤੀ ਮਰ ਜਾਂਦਾ ਹੈ ਤਾਂ ਨਾ ਤਾਂ ਇਨ੍ਹਾਂ ਵਿਚੋਂ ਕੋਈ ਰਿਸ਼ਤਾ-ਨਾਤਾ ਕੰਮ ਆਉਂਦਾ ਹੈ ਅਤੇ ਨਾ ਹੀ ਕੋਈ ਨਾਲ ਨਿਭਦਾ ਹੈ। ਸ਼ੇਖ਼ ਫ਼ਰੀਦ ਜੀ ਵਿਅਕਤੀ ਨੂੰ ਸਮਝਾਉਂਦੇ ਹਨ ਕਿ ਹਰ ਭਾਈ-ਭੈਣਾਂ ਦਾ ਵਿਵਹਾਰ ਬਨਾਵਟੀ ਹੈ।

(4) ਧਨ-ਦੌਲਤ ਦੀ ਅਰਥਹੀਣਤਾ :- ਸ਼ੇਖ਼ ਫ਼ਰੀਦ ਜੀ ਫ਼ਰਮਾਉਂਦੇ ਹਨ ਕਿ ਪਰਮਾਤਮਾ ਦੀ ਦ੍ਰਿਸ਼ਟੀ ਵਿਚ ਰਾਜੇ-ਬਾਦਸ਼ਾਹ ਅਤੇ ਧਨਵਾਨ ਵਿਅਕਤੀਆਂ ਦੀ ਕੋਈ ਵੁੱਕਅਤ ਨਹੀਂ ਹੈ। ਜਿਹੜੇ ਧਨਵਾਨ ਲੋਕ 'ਮੈਂ-ਮੇਰੀ' ਕਰਦੇ ਫਿਰਦੇ ਹਨ, ਅੰਤ ਸਮੇਂ ਉਹ ਵੀ ਖਾਲੀ ਹੱਥ ਚਲੇ ਜਾਂਦੇ ਹਨ। ਉਨ੍ਹਾਂ ਨੇ ਕਦੇ ਕੋਈ ਚੰਗਾ ਕੰਮ ਨਹੀਂ ਕੀਤਾ ਹੁੰਦਾ, ਪ੍ਰਭੂ ਦੇ ਸਿਮਰਨ ਨਹੀਂ ਵਿਚ ਸਮਾਂ ਬਤੀਤ ਨਹੀਂ ਕੀਤਾ ਹੁੰਦਾ। ਇਸ ਲਈ ਉਨ੍ਹਾਂ ਦਾ ਜੀਵਨ ਵਿਅਰਥ ਹੀ ਨਸ਼ਟ ਹੋ ਜਾਂਦਾ ਹੈ। ਫ਼ਰੀਦ ਜੀ ਫ਼ਰਮਾਉਂਦੇ ਹਨ ਕਿ ਇਹੋ ਜਿਹੇ ਵਿਅਕਤੀਆਂ ਨੂੰ ਅੱਗੇ ਜਾ ਕੇ ਬੜੀਆਂ ਕਠੋਰ ਸਜ਼ਾਵਾਂ ਭੁਗਤਣੀਆਂ ਪੈਂਦੀਆਂ ਹਨ।

(5) ਨਿਮਰਤਾ ਅਤੇ ਸਹਿਣਸ਼ੀਲਤਾ :- ਸ਼ੇਖ਼ ਫ਼ਰੀਦ ਜੀ ਵਿਅਕਤੀ ਨੂੰ ਨਿਮਰ, ਮਿੱਠਬੋਲੜਾ, ਸਹਿਣਸ਼ੀਲ, ਸਾਬਰ ਅਤੇ ਪਰਹੇਜ਼ਗਾਰ ਦੇਖਣਾ ਲੋਚਦੇ ਹਨ। ਇਸ ਤਰ੍ਹਾਂ 'ਨੈਤਿਕ ਸਿੱਖਿਆ' ਆਪ ਦੀ ਬਾਣੀ ਦਾ ਇਕ ਵਿਸ਼ੇਸ਼ ਅੰਗ ਹੈ। ਆਪ ਅਭਿਮਾਨੀ, ਕ੍ਰੋਧੀ ਅਤੇ ਲੋਭੀ ਵਿਅਕਤੀ ਨੂੰ ਅਧਿਆਤਮਕ ਪ੍ਰਾਪਤੀਆਂ ਕਰਨ ਦੇ ਯੋਗ ਨਹੀਂ ਮੰਨ ਸਮਝਦੇ। ਇਹੀ ਕਾਰਨ ਹੈ ਕਿ ਆਪ ਦੇ ਬਹੁਤ ਸਾਰੇ ਸਲੋਕਾਂ ਵਿਚ ਮੈਂ ਨੂੰ ਮਿਟਾਉਣ, ਸੁਧਾਰਨ ਦਾ ਸੰਦੇਸ਼ ਮਿਲਦਾ ਹੈ।

Scanned with CamScanner

(6) ਦਰਵੇਸ਼-ਪਦ :- ਫਰੀਦ ਜੀ ਵਿਦਿਆਰਥੀ ਨੂੰ ਦਰਵੇਸ਼-ਪਦ ਦੀ ਪ੍ਰਾਪਤੀ ਲਈ ਉਤਸ਼ਾਹਿਤ ਅਤੇ ਪ੍ਰੇਰਿਤ ਕਰਦੇ ਹਨ। ਦਰਵੇਸ਼ ਇਕ ਅਜਿਹਾ ਵਿਅਕਤੀ ਹੈ ਜੋ ਸਾਬਰ, ਧੀਰਜਵਾਨ, ਮਿਠਬੋਲੜਾ ਅਤੇ ਨਿਮਰ ਹੈ। ਉਹ ਕਿਸੇ ਦਾ ਦਿਲ ਨਹੀਂ ਦੁਖਾਉਂਦਾ, ਕ੍ਰੋਧ ਨਹੀਂ ਕਰਦਾ, ਬੁਰੇ ਦਾ ਵੀ ਭਲਾ ਹੈ। ਉਹ ਕਿਸੇ ਦਾ ਦਿਲ ਨਹੀਂ ਦੁਖਾਉਂਦਾ, ਕ੍ਰੋਧ ਨਹੀਂ ਕਰਦਾ, ਬੁਰੇ ਦਾ ਵੀ ਭਲਾ ਕਰਦਾ ਹੈ ਅਤੇ ਕਿਸੇ ਤੋਂ ਕੋਈ ਚੀਜ਼ ਛਿਪਾਉਂਦਾ ਨਹੀਂ ਹੈ। ਜੋ ਕੁਝ ਵੀ ਉਸ ਪਾਸ ਹੈ, ਉਹ ਦੂਜਿਆਂ ਨੂੰ ਦੇਣ ਵਾਸਤੇ ਸਦਾ ਤਤਪਰ ਰਹਿੰਦਾ ਹੈ। ਫਰੀਦ ਜੀ ਵਿਅਕਤੀ ਨੂੰ ਬਾਰ ਬਾਰ ਸਾਵਧਾਨ ਕਰਦੇ ਹਨ ਕਿ ਦਰਵੇਸ਼ੀ ਦਾ ਮਾਰਗ ਸੌਖਾ ਨਹੀਂ ਹੈ। ਦੁਨੀਆਂਦਾਰਾਂ ਦੁਆਰਾ ਦਰਵੇਸ਼-ਵਿਹਾਰ ਕਰਨ ਦੁਆਰਾ ਇਸ ਮਾਰਗ ਦੀ ਪ੍ਰਾਪਤੀ ਨਹੀਂ ਹੁੰਦੀ। ਪ੍ਰਭੂ ਦੀ ਕ੍ਰਿਪਾ ਦੁਆਰਾ ਹੀ ਇਹ ਮਾਰਗ ਪ੍ਰਾਪਤ ਹੋਇਆ ਹੈ।

(7) ਇਸ਼ਕ / ਨੇਹੁ / ਮੁਹੱਬਤ :- ਫਰੀਦ ਜੀ ਦੀ ਬਾਣੀ ਵਿਚ ਆਉਣ ਵਾਲੇ ਕੁਝ ਹੋਰ ਸੰਕਲਪ ਕੇਵਲ ਪ੍ਰਭੂ-ਪ੍ਰੇਮ ਵੱਲ ਸੰਕੇਤ ਕਰਦੇ ਹਨ। ਭਗਤ ਕਵੀਆਂ ਅਤੇ ਸੂਫੀਆਂ ਵਾਂਗ ਫਰੀਦ ਜੀ ਵੀ ਪਰਮਾਤਮਾ ਦੀ ਪ੍ਰਾਪਤੀ ਲਈ ਪ੍ਰੇਮਾ-ਭਗਤੀ ਨੂੰ ਸਭ ਤੋਂ ਕਾਰਗਰ ਅਤੇ ਉੱਤਮ ਵਿਧੀ ਮੰਨਦੇ ਹਨ। ਇਹੀ ਕਾਰਨ ਹੈ ਕਿ ਉਹ ਵੈਰਾਗ, ਆਸ਼ਕ ਬਿਰਹਾ ਨੂੰ ਪ੍ਰਭੂ-ਪ੍ਰਾਪਤੀ ਦੀ ਲਾਜ਼ਮੀ ਸ਼ਰਤ ਮੰਨਦੇ ਹਨ ਅਤੇ ਘੋਸ਼ਿਤ ਕਰਦੇ ਹਨ ਕਿ ਜਿਸ ਦਿਲ ਵਿਚ ਪ੍ਰਭੂ ਦੀ ਪ੍ਰਾਪਤੀ ਲਈ ਬਿਰਹਾ-ਭਾਵ ਜਾਗ੍ਰਿਤ ਨਹੀਂ ਹੁੰਦੇ। ਉਸ ਨੂੰ ਮਸਾਣਾਂ ਵਾਂਗ ਨਿਰਜਿੰਦ ਅਤੇ ਨਿਰਾਰਥਕ ਸਮਝੋ। ਇਸ ਦੇ ਨਾਲ ਹੀ ਆਪ ਦੇ ਬਹੁਤ ਸਾਰੇ ਸਲੋਕਾਂ ਵਿਚ ਪਰਮਾਤਮਾ ਨਾਲ ਮੁਹੱਬਤ ਅਤੇ ਇਸ਼ਕ ਕਰਨ ਦੀ ਪ੍ਰੇਰਨਾ ਵਰਣਿਤ ਹੋਈ ਹੈ।

Scanned with CamScanner

(1)

## 3.2 ਨੈਤਿਕ ਸਦਾਚਾਰ

ਕਬੀਰ ਬਾਣੀ ਦੇ ਨੈਤਿਕ ਸਦਾਚਾਰ ਇਸ ਪ੍ਰਕਾਰ ਹਨ :-

### (1) ਨਿਮਰਤਾ

ਕਬੀਰ ਜੀ ਦੇ ਨੈਤਿਕ-ਸਦਾਚਾਰ ਸ਼ਾਸਤਰ ਦਾ ਇਕ ਹੋਰ ਪ੍ਰਮੁੱਖ ਸਿਧਾਂਤ ਨਿਮਰਤਾ ਹੈ। ਨਿਮਰ ਵਿਅਕਤੀ ਨਾ ਕੇਵਲ ਸਮਾਜ ਵਿਚ ਨਾਲ ਹਿੰਸਕ ਵਤੀਰਾ ਅਖ਼ਤਿਆਰ ਨਹੀਂ ਕਰਦਾ ਬਲਕਿ ਦੁਸ਼ਮਣ ਨੂੰ ਵੀ ਪਾਣੀ ਪਾਣੀ ਕਰ ਦਿੰਦਾ ਹੈ। ਹਜ਼ਰਤ ਈਸਾ ਮਸੀਹਾ ਕਹਿੰਦੇ ਸਨ ਕਿ ਜੇ ਤੁਹਾਡੀ ਇਕ ਗੱਲ੍ਹ ਉੱਪਰ ਕੋਈ ਥੱਪੜ ਮਾਰਦਾ ਹੈ ਤਾਂ ਦੂਸਰੀ ਗੱਲ੍ਹ ਉਸਦੇ ਸਾਹਮਣੇ ਕਰ ਦਿਓ। ਸਮੁੱਚਾ ਸਮਾਜ ਹੀ ਸ਼ਾਂਤਮਈ ਹੋ ਜਾਏਗਾ। ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੇ ਜੀਵਨ ਨਾਲ ਬਹੁਤ ਸਾਰੀਆਂ ਸਾਖੀਆਂ ਜੁੜੀਆਂ ਹੋਈਆਂ ਹਨ, ਜਿਨ੍ਹਾਂ ਤੋਂ ਉਨ੍ਹਾਂ ਦੇ ਨਿਮਰ ਸੁਭਾਅ ਦੀ ਝਲਕ ਪੈਂਦੀ ਹੈ। ਕਬੀਰ ਜੀ ਦੇ ਬਹੁਤ ਸਾਰੇ ਸਲੋਕਾਂ ਵਿਚ ਨਿਮਰਤਾ ਦਾ ਗੁਣ-ਗਾਨ ਗਾਇਆ ਹੈ।

### (2) ਸਬਰ

ਸਬਰ ਕਰਨ ਦਾ ਮਤਲਬ ਹੈ : ਲੋਭ-ਲਾਲਚ ਤੋਂ ਉੱਪਰ ਉੱਠ ਜਾਣਾ। ਪਦਾਰਥਵਾਦੀ ਲੋਕਾਂ ਦਾ ਸਭ ਤੋਂ ਵੱਡਾ ਔਗੁਣ ਇਹ ਹੁੰਦਾ ਹੈ ਕਿ ਉਹ ਦੂਜਿਆਂ ਦੀ ਬਰਾਬਰੀ ਕਰਨਾ ਲੋਚਦੇ ਹਨ। ਜੇ ਗੁਆਂਢੀ ਕੋਲ ਵੱਡੀ ਕੋਠੀ ਹੈ ਤਾਂ ਉਸ ਦੇ ਮਨ ਵਿਚ ਵੀ ਉਸ ਤੋਂ ਵੱਡੀ ਕੋਠੀ ਪ੍ਰਾਪਤ ਕਰਨ ਦਾ ਲੋਭ ਪੈਦਾ ਹੋ ਜਾਏਗਾ; ਜੇ ਉਸ ਕੋਲ ਮਹਿੰਗੀ ਕਾਰ ਹੈ ਤਾਂ ਉਹ ਵੀ ਫਰਾਰੀ ਕਾਰ ਦਾ ਲਾਲਚ ਕਰੇਗਾ। ਛੇਤੀ ਵੱਡੇ ਉਹ ਜਾਇਜ਼-ਨਾਜਾਇਜ਼ ਢੰਗਾਂ ਨਾਲ ਮਾਇਆ ਇਕੱਠੀ ਕਰਨ ਬਾਰੇ ਸੋਚੇਗਾ ਅਤੇ ਇਉਂ ਉਹ ਵਿਕਾਰਗ੍ਰਸਤ ਹੋ ਜਾਏਗਾ। ਇਸੇ ਕਾਰਨ ਕਬੀਰ ਜੀ ਸਬਰ ਨੂੰ ਇਨਸਾਨੀ ਜੀਵਨ ਦਾ ਸਭ ਤੋਂ ਵੱਡਾ ਸਰਮਾਇਆ ਅਤੇ ਪ੍ਰਾਪਤੀ ਮੰਨਦੇ ਹਨ।

### (3) ਸੁਤੰਤਰਤਾ ਅਤੇ ਖ਼ੁਦਮੁਖ਼ਤਿਆਰੀ

ਕਬੀਰ ਜੀ ਦਾ ਵਿਚਾਰ ਹੈ ਕਿ ਹਰ ਵਿਅਕਤੀ ਨੂੰ ਸੁਤੰਤਰ ਢੰਗ ਨਾਲ ਵਿਚਰਣਾ

Scanned with CamScanner

ਚਾਹੀਦਾ ਹੈ। ਪਰ ਕਿਸੇ ਦੀ ਗੁਲਾਮੀ ਨਹੀਂ ਕਰਨੀ ਚਾਹੀਦੀ, ਚਾਹੇ ਉਹ ਕਿੰਨਾ ਹੀ ਵੱਡਾ ਅਤੇ ਵਿਸ਼ੇਸ਼ ਕਿਉਂ ਨਾ ਹੋਵੇ। ਇਸ ਭਾਵਨਾ ਨੂੰ ਪ੍ਰਗਟ ਕਰਦੇ ਹੋਏ ਆਪ ਪਰਮਾਤਮਾ ਦੇ ਸਨਮੁਖ ਅਰਦਾਸ ਕਰਦੇ ਹਨ ਕਿ ਉਹ ਫ਼ਰੀਦ ਜੀ ਨੂੰ ਸੁਤੰਤਰਤਾ ਦੀ ਦਾਤ ਬਖ਼ਸ਼ੇ। ਫ਼ਰੀਦ ਜੀ ਦੀ ਬਾਣੀ ਵਿਚ ਉਕਤ ਵੰਨਗੀ ਦੇ ਸਲੋਕਾਂ ਦੀ ਗਿਣਤੀ ਜ਼ਿਆਦਾ ਨਹੀਂ ਹੈ। ਕਿਉਂਕਿ ਆਪ ਦੀ ਕਾਵਿ ਚੇਤਨਾ ਵਿਚ ਸਮਾਜਿਕ-ਸਰੋਕਾਰਾਂ ਦੀ ਮਾਤਰਾ ਕਾਫ਼ੀ ਘੱਟ ਹੈ। ਪਰ ਤਾਂ ਵੀ ਇਥੋਂ ਏਨਾ ਜ਼ਰੂਰ ਸਪੱਸ਼ਟ ਹੋ ਜਾਂਦਾ ਹੈ ਕਿ ਫ਼ਰੀਦ ਜੀ ਸੁਤੰਤਰਤਾ, ਸਮਾਨਤਾ ਅਤੇ ਸਵੈਮਾਨ ਦੇ ਭਾਵਾਂ ਦੇ ਜ਼ਬਰਦਸਤ ਮੁਦਈ ਸਨ।

(4) ਪਾਖੰਡਵਾਦ

ਫ਼ਰੀਦ ਜੀ ~~ਦੀ ਬਾਣੀ ਵਿਚ~~ ਉਕਤ ਪਾਖੰਡਵਾਦ ਦੇ ਵਿਰੁੱਧ ਸਨ। ਆਪਦੇ ਸਮਕਾਲੀ ਯੁੱਗ ਵਿਚ ਬਹੁਤੇ ਸਾਧੂ-ਸੰਤ ਵਿਖਾਵੇ ਦੀ ਭਗਤੀ ਕਰਦੇ ਸਨ। ਵਿਖਾਵੇ ਦੇ ਸਾਧੂ-ਸੰਤਾਂ ਨੂੰ ਆਪਣਾ ਪ੍ਰਚਾਰ ਕਰਨਾ ਆਉਂਦਾ ਹੁੰਦਾ ਹੈ। ਇਸੇ ਕਰਨ ਉਹ ਬਹੁਤੇ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਲੈਂਦੇ ਜਾਨ ਜਦੋਂ ਕਿ ਅਸਲ ਫ਼ਕੀਰ ਲੁਕ-ਛਿਪ ਕੇ ਬੰਦਗੀ ਕਰਦੇ ਹਨ। ਉਨ੍ਹਾਂ ਨੂੰ ਪ੍ਰਦਰਸ਼ਨ ਦੀ ਜ਼ਰੂਰਤ ਨਹੀਂ ਹੁੰਦੀ। ਫ਼ਰੀਦ ਜੀ ਨੂੰ ਮਾਲੂਮ ਸੀ ਕਿ ਉਨ੍ਹਾਂ ਦੇ ਸਮਕਾਲੀ ਯੁਗ ਦੇ ਬਹੁਤੇ ਫ਼ਕੀਰ ਜਾਂ ਦਰਵੇਸ਼ ਰੋਜ਼ੀ-ਰੋਟੀ ਦੇ ਜੁਗਾੜ ਲਈ ਫ਼ਕੀਰੀ ਦੇ ਚੋਲੇ ਪਾਈ ਬੈਠੇ ਸਨ। ਅਜਿਹੇ ਪਾਖੰਡੀ ਫ਼ਕੀਰਾਂ ਤੋਂ ਆਮ ਲੋਕਾਂ ਨੂੰ ਸਾਵਧਾਨ ਕਰਨ ਵਾਸਤੇ ਫ਼ਰੀਦ ਜੀ ਨੇ ਕਈ ਲੋਕਾਂ ਦੀ ਸਲੋਕਾਂ ਦੀ ਰਚਨਾ ਕੀਤੀ ਹੈ।

(5) ਆਤਮ-ਮੰਥਨ

ਫ਼ਰੀਦ ਜੀ ਦੀ ਵਿਚਾਰਧਾਰਾ ਦਾ ਇਕ ਹੋਰ ਲੱਛਣ ਸਵੈ-ਆਲੋਚਨਾ ਜਾਂ ਆਤਮ-ਮੰਥਨ ਨਾਲ ਜੁੜਿਆ ਹੋਇਆ ਹੈ। ਆਮ ਤੌਰ 'ਤੇ ਹਰ ਵੱਡਾ-ਛੋਟਾ ਵਿਅਕਤੀ ਆਪਣੇ-ਆਪ ਨੂੰ ਸੰਪੂਰਨ, ਵਿਸ਼ੇਸ਼ ਅਤੇ ਗੌਰਵਮਈ ਬਣਾ ਕੇ ਪੇਸ਼ ਕਰਦਾ ਹੈ। ਉਹ ਜਾਣਦਾ ਹੁੰਦਾ ਹੈ ਕਿ ਜੇ ਉਹ ਆਪ ਹੀ ਆਪਣੇ ਆਪ ਨੂੰ ਨਿਗੂਣਾ ਅਤੇ ਸਾਧਾਰਣ ਘੋਸ਼ਿਤ ਕਰਨ ਲੱਗ ਪਿਆ ਤਾਂ ਦੂਜੇ ਲੋਕਾਂ ਨੇ ਉਸਦਾ ਕੀ ਸਤਿਕਾਰ ਕਰਨਾ ਹੈ। ਉਹ ਹੀ ਉਸਨੂੰ ਮਾਮੂਲੀ ਅਤੇ ਮਹੱਤਵਹੀਣ ਕਹਿ ਕੇ ਉਸਨੂੰ ਅਣਗੌਲਿਆਂ ਕਰੀ

(3)

ਰੱਖਣਗੇ। ਪਵਿੱਤਰ ਜਿਹੜੇ ਧਰਮੀ ਵਿਅਕਤੀ ਵਿਚ ਮਹਾਨ ਅਤੇ (ਪਰਉਪਕਾਰੀ) ਹੁੰਦੇ ਹਨ, ਉਨ੍ਹਾਂ ਨੂੰ ਸਵੈ-ਪ੍ਰਸ਼ੰਸਾ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਇਹੀ ਕਾਰਨ ਹੈ ਕਿ ਫ਼ਰੀਦ ਜੀ ਆਪਣੇ ਸਲੋਕਾਂ ਵਿਚ ਸਵੈ-ਰੂਪ-ਦਾ ਸਵੈ-ਆਲੋਚਨਾ ਕਰਦੇ ਰਹਿੰਦੇ ਹਨ।

(6) ਸਮਤਾ - ਦਰਸ਼ਨ

ਫ਼ਰੀਦ ਬਾਣੀ ਦਾ ਇਕ ਪ੍ਰਮੁੱਖ ਸੰਕਲਪ ਪਤ ਦੀ ਸਮਤਾ ਵਿਚ ਰਹਿਣੀ ਕਹਿਣਾ ਹੈ। ਆਪ ਦੁੱਖ ਅਤੇ ਸੁੱਖ ਨੂੰ ਸਮਾਨ ਰੂਪ ਵਿਚ ਗ੍ਰਹਿਣ ਕਰਨ ਦਾ ਉਪਦੇਸ਼ ਦਿੰਦੇ ਹਨ: ਮਹਲਾ ੫॥

ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ ॥
ਅਲਹ ਭਾਵੈ ਸੋ ਭਲਾ ਤਾਂ ਲਭੀ ਦਰਬਾਰੁ ॥੧੦੯॥

(7) ਕਿਸੇ ਦਾ ਦਿਲ ਨਾ ਦੁਖਾਉਣਾ : ਸਮਾਨਤਾ - ਭਾਵ

ਫ਼ਰੀਦ ਜੀ ਆਪਣੇ ਮੁਰੀਦਾਂ ਨੂੰ ਇਹ ਸੰਦੇਸ਼ ਦਿੰਦੇ ਹਨ ਕਿ ਜਨਮ-ਜਾਤ ਜਾਂ ਪਦ-ਪ੍ਰਤਿਸ਼ਠਾ ਦੇ ਕਾਰਨ ਕਿਸੇ ਵੀ ਵਿਅਕਤੀ ਨੂੰ ਵੱਡਾ ਜਾਂ ਛੋਟਾ ਨਹੀਂ ਸਮਝਣਾ ਚਾਹੀਦਾ। ਇਕ ਪਰਮਾਤਮਾ ਦੀ ਸੰਤਾਨ (ਸਿਰਜਣਾ) ਹੋਣ ਦੇ ਕਾਰਨ ਸ੍ਰਿਸ਼ਟੀ ਦੇ ਸਭ ਜੀਵ ਬਰਾਬਰ ਹਨ। ਫ਼ਰੀਦ-ਬਾਣੀ ਦਾ ਸਰਵੇਖਣ ਕਰਨ ਤੋਂ ਇਹ ਭਲੀਭਾਂਤ ਮਾਲੂਮ ਹੋ ਜਾਂਦਾ ਹੈ ਕਿ ਆਪ ਵਿਅਕਤੀ ਨੂੰ ਸਮਾਜਿਕ ਸਮਤਾ ਅਤੇ ਸ਼ਿਸ਼ਟਾਚਾਰ ਇਨਸਾਨ ਬਣਾਉਣਾ ਲੋਚਦੇ ਜਿਹੜੇ ਆਪਣੀਆਂ ਨਫ਼ਸਾਨੀ ~~ਖਾ~~ ਖ਼ਾਹਿਸ਼ਾਂ 'ਤੇ ਕਾਬੂ ਪਾ ਸਕੇ, ਹਰ ਇਕ ਨਾਲ ਮਿੱਠਾ ਬੋਲੇ, ਕਿਸੇ ਨੂੰ ਦੁੱਖ ਜਾਂ ਕਸ਼ਟ ਨਾ ਦੇਵੇ, ਅਪਰਾਧੀ ਨੂੰ ਨਾ ਕੇਵਲ ਖਿਮਾ ਕਰ ਦੇਵੇ ਬਲਕਿ ਉਸਦਾ ਵੀ ਭਲਾ ਲੋਚੇ। ਇਸ ਤਰ੍ਹਾਂ ਫ਼ਰੀਦ ਜੀ ਦਾ ਨੈਤਿਕ-ਸਾਮਰਥ ਸਮਾਜ ਦੇ ਆਦਰਸ਼ਵਾਦੀ ਅਤੇ ਲੋਕ-ਹਿਤੈਸ਼ੀ ਹੈ ਜ।

①

## 3.3 ਨਾਸ਼ਮਾਨਤਾ ਤੇ ਮੌਤ ਦਾ ਸੰਕਲਪ

ਫ਼ਰੀਦ ਜੀ ਭੌਤਿਕ ਪ੍ਰਾਪਤੀਆਂ ਨੂੰ ਨਾਸ਼ਮਾਨ ਜਾਣ ਕੇ ਅਰਥਹੀਣ ਘੋਸ਼ਿਤ ਕਰਦੇ ਹਨ। ਆਪ ਚਾਹੁੰਦੇ ਹਨ ਕਿ ਇਕ ਸਾਧਾਰਣ ਵਿਅਕਤੀ ਵੀ ਇਸ ਜਗਤ ਦੀ ਨਾਸ਼ਮਾਨਤਾ ਨੂੰ ਚੰਗੀ ਤਰ੍ਹਾਂ ਜਾਣ-ਸਮਝ ਲਏ। ਇਹੀ ਕਾਰਨ ਹੈ ਕਿ ਆਪਣੀ ਬਾਣੀ ਵਿਚ ਉਹ ਬਾਰ-ਬਾਰ ਜੀਵਨ ਅਤੇ ਜਗਤ ਦੀ ਨਾਸ਼ਮਾਨਤਾ ਦੇ ਚਿਤਰ ਪੇਸ਼ ਕਰਦੇ ਰਹਿੰਦੇ ਹਨ।

### 1) ਮੌਤ ਦੀ ਪੂਰਵ-ਨਿਸ਼ਚਿਤਤਾ

ਫ਼ਰੀਦ ਜੀ ਜੀਵਨ ਅਤੇ ਮੌਤ ਨੂੰ ਪਰਮਾਤਮਾ ਦੀ ਸੁਤੰਤਰ ਇੱਛਾ ਦੇ ਅਧੀਨ ਮੰਨਦੇ ਹਨ। ਆਪ ਅਨੁਸਾਰ ਮੌਤ ਦਾ ਦਿਨ ਪੂਰਵ-ਨਿਸ਼ਚਿਤ ਹੈ ਅਤੇ ਇਸ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਦੀ ਗੁੰਜਾਇਸ਼ ਨਹੀਂ ਹੈ। ਕਿਸੇ ਵੀ ਜੀਵ ਅਥਵਾ ਵਿਅਕਤੀ ਦੀ ਮ੍ਰਿਤੂ ਦਾ ਪਰਮਾਤਮਾ ਨੇ ਜੋ ਦਿਨ ਨਿਸ਼ਚਿਤ ਕਰ ਰੱਖਿਆ ਹੈ, ਉਸ ਦਿਨ ਉਸ ਨੂੰ ਇਸ ਸੰਸਾਰ ਵਿਚੋਂ ਰੁਖ਼ਸਤ ਹੋਣਾ ਹੀ ਪੈਂਦਾ ਹੈ।

### 2) ਮੌਤ ਦੇ ਸੰਕੇਤ ਅਥਵਾ ਚਿੰਨ੍ਹ

ਕੋਈ ਮਨੁੱਖ ਭਾਵੇਂ ਮੌਤ ਦੀ ਅਟੱਲਤਾ ਬਾਰੇ ਕਿੰਨਾ ਵੀ ਗ਼ਾਫ਼ਲ ਜਾਂ ਅਚੇਤ ਕਿਉਂ ਨਾ ਹੋਵੇ, ਪਰਮਾਤਮਾ ਨਾ ਕੇਵਲ ਉਸ ਦੇ ਆਸ-ਪਾਸ ਪਸਰੇ ਜਗਤ ਵਿਚ ਮੌਤ ਦੇ ਦ੍ਰਿਸ਼ ਦਿਖਾਉਂਦਾ ਰਹਿੰਦਾ ਹੈ ਬਲਕਿ ਉਸਦੇ ਆਪਣੇ ਸਰੀਰ ਵਿਚ ਵੀ ਕੁਝ ਅਜਿਹੀਆਂ ਤਬਦੀਲੀਆਂ ਲਿਆਉਂਦਾ ਰਹਿੰਦਾ ਹੈ, ਜਿਨ੍ਹਾਂ ਸਦਕਾ ਉਹ ਆਪਣੀ ਮੌਤ ਬਾਰੇ ਸਾਵਧਾਨ ਹੋ ਜਾਵੇ ਅਤੇ ਇਸਦੇ ਸਵਾਗਤ ਦੀ ਤਿਆਰੀ ਵਿਚ ਜੁੱਟ ਜਾਵੇ। ਪਰੰਤੂ ਸੁੱਤੇ ਵਿਅਕਤੀ ਨੂੰ ਤਾਂ ਜਗਾਇਆ ਜਾ ਸਕਦਾ ਹੈ, ਜਾਣ-ਬੁੱਝ ਕੇ ਅੱਖਾਂ ਮੀਟੀ ਪਏ ਵਿਅਕਤੀ ਦਾ ਕੋਈ ਕੀ ਕਰੇ? ਗ਼ਾਫ਼ਿਲ ਵਿਅਕਤੀ ਨੂੰ ਪਰਮਾਤਮਾ ਵੱਲੋਂ ਭੇਜੇ ਜਾ ਰਹੇ ~~ਸਿਗਨਲ~~ ਸਿਗਨਲਜ਼ ਬਾਰੇ ਚੇਤਾਵਨੀ ਦਿੰਦੇ ਹੋਏ ਫ਼ਰੀਦ ਜੀ ਫ਼ੁਰਮਾਉਂਦੇ ਹਨ:

ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥੯॥

Scanned with CamScanner

(3)

ਨਾਲ ਵਿਅਕਤੀ ਦਾ ਵਿਛੋੜਾ ਮੌਤ ਪਿੱਛੋਂ ਸਮਾਪਤ ਹੋ ਜਾਂਦਾ ਹੈ। ਫ਼ਰੀਦ ਜੀ ਦੀ ਬਾਣੀ ਵਿਚ ਬਿਰਹਾ ਦੀ ਵਿਆਕੁਲਤਾ ਨੂੰ ਬੜੀ ਸ਼ਿੱਦਤ ਨਾਲ ਅਨੁਭਵ ਕੀਤਾ ਗਿਆ ਹੈ। ਬਿਰਹਾ ਦਾ ਇਹ ਆਰੰਭ ਇਕ ਮੁਰੀਦ ਦੇ ਆਪਣੇ ਮੁਰਸ਼ਿਦ ਨਾਲ ਵਿਛੋੜੇ ਤੋਂ ਸ਼ੁਰੂ ਹੁੰਦਾ ਹੈ ਅਤੇ ਪਰਮਾਤਮਾ ਤੋਂ ਦੂਰੀ ਦੇ ਜਾਨਲੇਵਾ ਅਨੁਭਵ ਨਾਲ ਸਮਾਪਤ ਹੁੰਦਾ ਹੈ। ਸੂਫ਼ੀ ਅਨੁਭਵ ਵਿਚ ਬਿਰਹਾ ਨੂੰ ਕਿਸੇ ਵਿਅਕਤੀ ਦੀ ਪਰਮਾਣਿਕਤਾ ਦੀ ਕਸੌਟੀ ਮੰਨਿਆ ਜਾਂਦਾ ਹੈ।